# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਪ੍ਰਿੰਸੀਪਲ ਡਾਇਟ
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਮੂਹ ਮੈਥ, ਅੰਗ੍ਰੇਜੀ, ਸਮਾਜਿਕ ਅਤੇ ਸਾਇੰਸ ਪੜ੍ਹਾਉਂਦੇ ਅਧਿਆਪਕ (ਵੈਬਸਾਈਟ ਰਾਹੀਂ)
ਪੰਜਾਬ

ਮੀਮੋ ਨੰ: e-605171/SCERT, QP/UP/ 2023- 336238
ਮਿਤੀ: ਐਸ.ਏ.ਐਸ.ਨਗਰ, 21-12-2023

**ਵਿਸ਼ਾ: ਸੈਸ਼ਨ 2023-24 ਵਿੱਚ ਸਕੂਲ ਪੱਧਰ ਤੇ ਨੌਵੀਂ ਤੋਂ ਦਸਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ Subject Fairs ਕਰਵਾਉਣ ਸਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0. ਸਮੂਹ ਸਕੂਲਾਂ ਵਿੱਚ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਰੁਚੀ ਨੂੰ ਵਧਾਉਣ ਅਤੇ ਵਿਸ਼ੇ ਨਾਲ ਸਬੰਧਤ ਧਾਰਨਾਵਾਂ ਨੂੰ ਸੌਖਾਲੇ ਢੰਗਾਂ ਅਤੇ ਖੇਡ ਵਿਧੀਆਂ ਰਾਹੀਂ ਸਿੱਖਣ-ਸਿਖਾਉਣ ਲਈ Subject Fairs ਕਰਵਾਏ ਜਾ ਰਹੇ ਹੈ।

3.0. ਇਹ Subject Fairs ਨਾ ਸਿਰਫ ਵਿਦਿਆਰਥੀਆਂ ਦੀ ਵਿਸ਼ੇ ਪ੍ਰਤੀ ਜਿਗਿਆਸਾ ਵਿੱਚ ਵਾਧਾ ਕਰਦੇ ਹਨ ਬਲਕਿ ਰੋਜ਼ਾਨਾ ਕਲਾਸਰੂਮ ਅਧਿਆਪਣ ਤੋਂ ਹਟ ਕੇ ਵਿਦਿਆਰਥੀਆਂ ਦੇ ਵਿਸ਼ੇ ਸਬੰਧੀ ਗਿਆਨ ਪੱਧਰ ਨੂੰ ਉੱਚਾ ਚੁੱਕਣ ਦਾ ਸਾਧਨ ਵੀ ਬਣਦੇ ਹਨ। ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਵਿਭਾਗ ਵੱਲੋਂ ਸਕੂਲ ਪੱਧਰੀ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ੇ ਦੇ Subject Fairs ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ Subject Fairs ਨੂੰ ਸਫਲਤਾ ਪੂਰਵਕ ਕਰਵਾਉਣ ਲਈ ਹੇਠ ਲਿਖੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

4.0. **Subject Fairs** ਹੇਠ ਦਰਸਾਈਆਂ ਮਿਤੀਆਂ ਅਨੁਸਾਰ ਕਰਵਾਇਆ ਜਾਵੇ:

| ਮਿਤੀ | ਵਿਸ਼ਾ ਜਿਸ ਦਾ ਮੇਲਾ ਲਗਾਇਆ ਜਾਣਾ ਹੈ | ਸਮਾਂ | ਵਿਸ਼ੇਸ਼ ਕਥਨ |
|---|---|---|---|
| 05-ਜਨਵਰੀ-2024 | ਗਣਿਤ ਅਤੇ ਵਿਗਿਆਨ | ਅੱਧੀ ਛੁੱਟੀ ਤੋਂ ਬਾਅਦ | ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਮੇਲਿਆਂ ਕਰਕੇ ਮਿਸ਼ਨ ਸਮਰੱਥ ਦਾ ਟਾਈਮ-ਟੇਬਲ ਪ੍ਰਭਾਵਿਤ ਨਾ ਹੋਵੇ। |
| 06-ਜਨਵਰੀ-2024 | ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ | | |

5.0. ਵਿਦਿਆਰਥੀਆਂ ਨੂੰ ਇਸ ਢੰਗ ਨਾਲ ਟੌਪਿਕਾਂ ਦੀ ਵੰਡ ਕੀਤੀ ਜਾਵੇ ਕਿ ਇੱਕ ਟੌਪਿਕ ਇੱਕ ਵਿਦਿਆਰਥੀ /ਗਰੁੱਪ ਨੂੰ ਹੀ ਦਿੱਤਾ ਜਾਵੇ। ਦੂਜੇ ਵਿਦਿਆਰਥੀ /ਗਰੁੱਪ ਨੂੰ ਨਵਾਂ ਟੌਪਿਕ ਹੀ ਦਿੱਤਾ ਜਾਵੇ।

6.0. ਵਿਦਿਆਰਥੀਆਂ ਨੂੰ ਇਸ Subject Fairs ਵਿੱਚ ਭਾਗ ਲੈਣ ਲਈ ਵੱਧ ਤੋਂ ਵੱਧ ਪ੍ਰੇਰਿਤ ਕੀਤਾ ਜਾਵੇ। ਵਿਦਿਆਰਥੀਆਂ ਦੇ ਗਰੁੱਪ (1-4) ਵੀ ਬਣਾਏ ਜਾ ਸਕਦੇ ਹਨ।

7.0. ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ presentation ਦੇਣ ਸਬੰਧੀ ਗਾਈਡ ਕੀਤਾ ਜਾਵੇ ਤਾਂ ਜੋ ਵਿਦਿਆਰਥੀ Subject Fairs ਵਾਲੇ ਦਿਨ ਆਪਣੇ ਟੌਪਿਕ ਨੂੰ ਵਧੀਆ ਢੰਗ ਨਾਲ present ਕਰ ਸਕਣ।

8.0. ਵਿਦਿਆਰਥੀਆਂ ਦੀ ਗਰੁੱਪਿੰਗ ਕਰਨ ਵੇਲੇ ਇਹ ਧਿਆਨ ਰੱਖਿਆ ਜਾਵੇ ਕਿ ਕੇਵਲ ਹੁਸ਼ਿਆਰ ਵਿਦਿਆਰਥੀਆਂ ਨੂੰ ਇੱਕੋ ਗਰੁੱਪ ਵਿੱਚ ਨਾ ਰੱਖਿਆ ਜਾਵੇ। ਅਧਿਆਪਕ ਵੱਲੋਂ ਇਹ ਸੰਭਵ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਹਰ ਗਰੁੱਪ ਵਿੱਚ mixed abilities ਵਾਲੇ ਵਿਦਿਆਰਥੀਆਂ ਨੂੰ ਜ਼ਰੂਰ ਰੱਖਿਆ ਜਾਵੇ ਤਾਂ ਜੋ ਹਰ ਵਿਦਿਆਰਥੀ ਇਹਨਾਂ Subject Fairs ਵਿੱਚ ਭਾਗ ਲੈ ਕੇ ਉਤਸ਼ਾਹਿਤ ਮਹਿਸੂਸ ਕਰੇ।

9.0. ਟੌਪਿਕਾਂ ਦੀ ਚੋਣ, ਵੰਡ ਅਤੇ presentation ਇਸ ਢੰਗ ਨਾਲ ਰੱਖੀ ਜਾਵੇ ਤਾਂ ਜੋ ਕਿ ਹਰ ਵਿਦਿਆਰਥੀ ਦੀ ਇਹਨਾਂ Subject Fairs ਦੌਰਾਨ ਸੌਖੇ ਅਤੇ ਔਖੇ ਟੋਪਿਕ ਦੀ ਤਿਆਰੀ ਖੇਡ ਅਤੇ ਗੱਲਬਾਤ ਵਿਧੀ ਰਾਹੀਂ ਹੋ ਜਾਵੇ।

10.0. ਵਿਸ਼ਾ ਅਧਿਆਪਕ ਵਿਦਿਆਰਥੀਆਂ ਨੂੰ ਇਹਨਾਂ Subject Fairs ਵਿੱਚ ਭਾਗ ਲਈ ਮਾਰਗ ਦਰਸ਼ਨ ਕਰਨਗੇ ਅਤੇ ਇਸ ਸੰਬੰਧੀ ਅਧਿਆਪਕ ਵਿਦਿਆਰਥੀਆਂ ਨੂੰ ਸਰਦੀ ਦੀਆਂ ਛੁੱਟੀਆਂ ਦੌਰਾਨ ਮਾਡਲ ਤਿਆਰ ਕਰਨ ਲਈ ਪ੍ਰੇਰਿਤ ਕਰਨ।

11.0. Subject Fairs ਲਈ ਦਰਸਾਈਆ ਮਿਤੀਆਂ ਦੌਰਾਨ ਵਿਦਿਆਰਥੀਆਂ ਦੁਆਰਾ ਬਣਾਏ ਮਾਡਲਾਂ, ਚਾਰਟਾਂ, ਥ੍ਰੀ-ਡੀ ਚਾਰਟ, ਸਕਰੈਪ ਬੁੱਕ, ਨਕਸ਼ੇ ਅਤੇ ਗਲੋਬ ਗਤੀਵਿਧੀਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇ।

12.0. ਮਾਡਲ ਬਣਾਉਣ ਵੇਲੇ ਉਸ ਦੀ ਉਪਯੋਗਤਾ ਨੂੰ ਤਰਜੀਹ ਦਿੱਤੀ ਜਾਵੇ।

13.0. ਮਾਡਲ ਬਣਾਉਣ ਲਈ ਜ਼ਿਆਦਾਤਾਰ ਵਾਧੂ ਵਸ਼ਤੂਆਂ ਦਾ ਪ੍ਰਯੋਗ ਕੀਤਾ ਜਾਵੇ ਜਿਵੇਂ ਘਰ ਵਿੱਚ ਪਏ ਗੱਤੇ ਦੇ ਡੱਬੇ, ਪੁਰਾਣੀ ਉੱਨ, ਬਟਨ, ਮੋਤੀ, ਕੈਂਚੀ, ਚਾਰਟ ਆਦਿ।

14.0. ਅਧਿਆਪਕਾਂ ਦੀ ਸਹਾਇਤਾ ਲਈ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਦੀਆਂ ਕੁੱਝ ਗਤੀਵਿਧੀਆਂ ਦੀ ਸੂਚੀ ਨਾਲ ਦਿੱਤੀ ਗਈ ਹੈ।

15.0. Subject Fairs ਵਾਲੇ ਦਿਨ ਸਕੂਲ ਮੁੱਖੀ ਵੱਲੋਂ ਪਿੰਡ ਦੇ ਪਤਵੰਤੇ ਸੱਜਣ, SMC ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਕਾਰਗੁਜਾਰੀ ਦੀ ਹੋਸਲਾ ਅਫਜਾਈ ਕਰਨ ਲਈ ਸੱਦਾ ਪੱਤਰ ਜਰੂਰ ਦਿੱਤਾ ਜਾਵੇ ਜੀ ਅਤੇ ਉਹਨਾਂ ਦੀ ਫੀਡਬੈਕ ਜਰੂਰ ਲਈ ਜਾਵੇ।

16.0. ਅਧਿਆਪਕ ਵਿਦਿਆਰਥੀਆਂ ਦੀ Subject Fairs ਵਿੱਚ ਕੀਤੀ ਕਾਰਗੁਜਾਰੀ ਦਾ ਮੁਲਾਂਕਣ ਵੀ ਆਪਣੇ ਕੋਲ ਕਰਕੇ ਰੱਖਣ।

17.0. Subject Fairs ਦੌਰਾਨ ਬਣੇ ਮਾਡਲ/ਕਿਰਿਆਵਾਂ ਬਾਅਦ ਵਿੱਚ ਸਕੂਲ ਵਿੱਚ ਮੌਜੂਦ ਸੰਬੰਧਤ ਵਿਸ਼ੇ ਦੇ ਕਾਰਨਰ/ਲੈਬ ਵਿੱਚ ਰੱਖੀਆਂ ਜਾਣ।

18.0. ਹਰੇਕ ਸਕੂਲ ਦੇ subject fair ਵਿੱਚੋਂ ਹਰੇਕ ਵਿਸ਼ੇ ਦੀਆਂ ਸਭ ਤੋਂ ਵਧੀਆ 2 ਜਾਂ 3 ਐਕਟੀਵਿਟੀਜ ਦੀ ਚੋਣ ਕੀਤੀ ਜਾਵੇ ਅਤੇ ਆਪਣੇ ਸਕੂਲ ਵਿਚੋਂ ਸਭ ਤੋਂ ਵਧੀਆ 5 ਐਕਟੀਵਿਟੀਜ ਦੀਆਂ videos recording ਸਕੂਲ/ ਜ਼ਿਲਾ ਪੱਧਰੀ ਗਰੁੱਪਾਂ ਵਿੱਚ ਭੇਜਣਗੇ।

19.0. ਹਰੇਕ ਸਕੂਲ Subject Fairs ਦੀਆਂ ਫੋਟੋਆਂ ਦਾ ਇੱਕ collage ਤਿਆਰ ਕਰਕੇ ਰਿਕਾਰਡ ਰੱਖਣਗੇ।

20.0. ਇਹਨਾਂ ਮੇਲਿਆਂ ਦੇ ਸਫਲ ਸੰਚਾਲਨ ਲਈ ਹੇਠ ਲਿਖੇ ਅਨੁਸਾਰ ਫੰਡ ਭੇਜੇ ਜਾ ਚੁੱਕੇ ਹਨ:

| District | No. of High and Senior Secondary Schools | Rs 5000 per school | Rs 5000 per school (in lacs) |
|---|---|---|---|
| Amritsar | 238 | 1190000 | 11.9 |
| Barnala | 93 | 465000 | 4.65 |
| Bathinda | 211 | 1055000 | 10.55 |
| Faridkot | 87 | 435000 | 4.35 |
| Fatehgarh sahib | 84 | 420000 | 4.2 |
| Fazilka | 158 | 790000 | 7.9 |
| Firozpur | 133 | 665000 | 6.65 |
| Gurdaspur | 211 | 1055000 | 10.55 |
| Hoshiarpur | 272 | 1360000 | 13.6 |
| Jalandhar | 279 | 1395000 | 13.95 |
| Kapurthala | 133 | 665000 | 6.65 |
| Ludhiana | 348 | 1740000 | 17.4 |
| Malerkotla | 55 | 275000 | 2.75 |
| Mansa | 141 | 705000 | 7.05 |
| Moga | 175 | 875000 | 8.75 |
| Mohali | 115 | 575000 | 5.75 |
| Muktsar | 158 | 790000 | 7.9 |
| Nawanshahar | 111 | 555000 | 5.55 |
| Pathankot | 86 | 430000 | 4.3 |
| Patiala | 214 | 1070000 | 10.7 |
| Rupnagar | 123 | 615000 | 6.15 |
| Sangrur | 186 | 930000 | 9.3 |
| Tarantaran | 182 | 910000 | 9.1 |
| **Total** | **3793** | **18965000** | **189.65** |

ਉਪਰੋਕਤ ਫੰਡ ਦੀ ਵਰਤੋਂ ਹਰੇਕ ਵਿਸ਼ੇ ਦੇ ਮਾਡਲ ਬਣਾਉਣ ਲਈ ਬਰਾਬਰ-2 ਕੀਤੀ ਜਾਵੇ।

21.0. ਜਮਾਤਾਂ 6ਵੀਂ ਤੋਂ 8ਵੀਂ ਦੇ ਵਿਦਿਆਰਥੀਆਂ ਵੱਲੋਂ ਸਮਰ ਕੈਂਪ ਦੌਰਾਨ ਤਿਆਰ ਕੀਤੇ ਗਏ ਮਾਡਲ ਵੀ ਇਹਨਾਂ Subject Fairs ਦੌਰਾਨ ਪ੍ਰਦਰਸ਼ਿਤ ਕੀਤੇ ਜਾਣ।

22.0. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਸਮੂਹ ਪ੍ਰਿੰਸੀਪਲਜ਼ ਡਾਇਟ, ਡਾਇਟ ਫੈਕਲਟੀ ਅਤੇ BNOs ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ Subject Fairs ਦੀ ਮੋਨਿਟਰਿੰਗ ਕਰਨ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨ।

23.0. ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਨੱਥੀ:** ਅਧਿਆਪਕਾਂ ਦੀ ਸਹਾਇਤਾ ਲਈ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਦੀਆਂ ਕੁੱਝ ਗਤੀਵਿਧੀਆਂ ਦੀ ਸੂਚੀ

**ਡਾਇਰੈਕਟਰ**

**ਐਸ.ਸੀ.ਈ.ਆਰ.ਟੀ, ਪੰਜਾਬ।**

**ਪਿਠ ਅੰਕਣ ਨੰ**: e-605171/SCERT, QP/UP/ 2023- 336238 ਮਿਤੀ: 21-12-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ ਟੂ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਗ), ਪੰਜਾਬ
3. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. ਸਮੂਹ ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)
7. ਸਮੂਹ ਜ਼ਿਲ੍ਹਾ ਨੋਡਲ ਅਫਸਰ (ਮੁਖ ਦਫਤਰ)
8. DM (MIS)- website ਤੇ ਅਪਲੋਡ ਕਰਨ ਲਈ।

21/12/23

**ਸਹਾਇਕ ਡਾਇਰੈਕਟਰ**

**ਐਸ.ਸੀ.ਈ.ਆਰ.ਟੀ, ਪੰਜਾਬ।**

# ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ-ਗਣਿਤ

# List of Activities

| ਲੜੀ ਨੰਬਰ | ਐਕਟੀਵਿਟੀ ਦਾ ਨਾਂ | ਜਮਾਤ | ਅਧਿਆਇ ਦਾ ਨਾਂ |
|---|---|---|---|
| 1 | ਚੱਕਰੀ ਚਤੁਰਭੁਜ਼ ਦੇ ਸਨਮੁਖ ਕੋਣਾਂ ਦਾ ਜੋੜ 180° ਹੁੰਦਾ ਹੈ। | ਨੌਵੀਂ | ਚੱਕਰ |
| 2 | ਇਕੋ ਅਧਾਰ ਤੇ ਦੋ ਸਮਾਂਤਰ ਰੇਖਾਵਾਂ ਵਿਚਕਾਰ ਦੋ ਸਮਾਂਤਰ ਚਤੁਰਭਚਜਾਵਾਂ ਦਾ ਖੇਤਰਫਲ ਬਰਾਬਰ ਹੁੰਦਾ ਹੈ। | ਨੌਵੀਂ | ਸਮਾਂਤਰ ਚਤੁਰਭੁਜਾਵਾਂ ਅਤੇ ਤ੍ਰਿਭੁਜਾਂ ਦਾ ਖੇਤਰਫਲ |
| 3 | ਚੱਕਰ ਦੇ ਕੇਂਦਰ ਤੋਂ ਜੀਵਾ ਤੇ ਖਿੱਚਿਆ ਲੰਬ ਜੀਵਾ ਨੂੰ ਸਮਦੋਭਾਜਕ ਕਰਦਾ ਹੈ। | ਨੌਵੀਂ | ਚੱਕਰ |
| 4 | ਕਿਸੇ ਚਾਪ ਦੁਆਰਾ ਕੇਂਦਰ ਤੇ ਬਣਿਆ ਕੋਣ ਉਸ ਦੁਆਰਾ ਚੱਕਰ ਦੇ ਬਾਕੀ ਹਿੱਸੇ ਦੇ ਕਿਸੇ ਬਿੰਦੂ ਤੇ ਬਣੇ ਕੋਣ ਦਾ ਦੁੱਗਣਾ ਹੁੰਦਾ ਹੈ। | ਨੌਵੀਂ | ਚੱਕਰ |
| 5 | ਚੱਕਰ ਦੀਆਂ ਬਰਾਬਰ ਜੀਵਾਵਾਂ ਕੇਂਦਰ ਤੇ ਬਰਾਬਰ ਕੋਣ ਬਣਾਉਂਦੀਆਂ ਹਨ। | ਨੌਵੀਂ | ਚੱਕਰ |
| 6 | ਕਿਸੇ ਇੱਕ ਬਿਖਮਭੁਜੀ ਤ੍ਰਿਭੁਜ਼ ਦਾ ਖੇਤਰਫਲ ਪਤਾ ਕਰਨਾ। | ਨੌਵੀਂ | ਹੀਰੋ ਦਾ ਸੂਤਰ |
| 7 | ਪਰਿਮੇਯ ਸੰਖਿਆਂ ਨੂੰ ਸੰਖਿਆ ਰੇਖਾ ਉੱਤੇ ਦਰਸਾਉਣਾ | ਨੌਵੀਂ | ਸੰਖਿਆ ਪ੍ਰਣਾਲੀ |
| 8 | ਕਾਟਵੀਂ ਰੇਖਾ ਦੁਆਰਾ ਦੋ ਸਮਾਂਤਰ ਰੇਖਾਵਾਂ ਨਾਲ ਬਣਾਏ ਗਏ ਕੋਣਾਂ ਵਿਚਕਾਰ ਸੰਬੰਧ ਬਾਰੇ ਜਾਨਣਾ। | ਨੌਵੀਂ | ਰੇਖਾਵਾਂ ਅਤੇ ਕੋਣ |
| 9 | ਨਿਰਦੇਸ਼ ਅੰਕ ਸਬੰਧੀ ਜਾਣਕਾਰੀ ਦੇਣਾ | ਨੌਵੀਂ | ਨਿਰਦੇਸ਼ ਅੰਕ |
| 10 | ਪੂਰਨ ਚੱਕਰੀ ਕੋਣ ਦਾ ਗਿਆਨ ਦੇਣਾ | ਨੌਵੀਂ | ਚੱਕਰ |
| 11 | ਯੂਕਲਿਡ ਜਮਾਇਤੀ ਦਾ ਸੰਕਲਪ ਪਲਾਈ ਪੇਅਰ ਵਿਧੀ ਰਾਹੀ | ਨੌਵੀਂ | ਯੂਕਲਿਡ ਜਮਾਇਤੀ ਦੀ ਜਾਣ ਪਹਚਿਾਣ |
| 12 | ਯੂਕਲਿਡ ਜਮਾਇਤੀ ਦੀਆਂ ਮੂਲ ਧਾਰਨਾਵਾਂ ਬਾਰੇ | ਨੌਵੀਂ | ਯੂਕਲਿਡ ਜਮਾਇਤੀ ਦੀ ਜਾਣ ਪਹਚਿਾਣ |
| 13 | ਸ਼ੰਕੂ ਦੀ ਤਿਰਛੀ ਉਚਾਈ ਦਾ ਸੂਤਰ ਸਥਾਪਤ ਕਰਨਾ | ਨੌਵੀਂ | ਸਤਹ ਦਾ ਖੇਤਰਫਲ ਅਤੇ ਆਇਤਨ |
| 14 | ਵਿਚਲਨ ਸੀਮਾ ਬਾਰੇ ਜਾਣੂ ਕਰਵਾਉਣਾ | ਨੌਵੀਂ | ਅੰਕੜਾ ਵਿਗਿਆਨ |
| 15 | ਕਲਾਈਨੋਮੀਟਰ ਬਾਰੇ ਜਾਣ ਪਛਾਣ | ਨੌਵੀਂ | |
| 16 | $(a+b+c)^2$ **ਦੇ ਸੂਤਰ ਨੂੰ ਸਿੱਧ ਕਰਨਾ।** | ਨੌਵੀਂ | **ਬਹੁਪਦ** |
| 17 | ਅਪਰਿਮੇਯ ਸੰਖਿਆਵਾਂ ਨੂੰ ਸੰਖਿਆ ਰੇਖਾ ਤੇ ਨਿਰੂਪਤ ਕਰਨਾ। | ਨੌਵੀਂ | ਸੰਖਿਆ ਪ੍ਰਣਾਲੀ |
| 18 | ਜੇਕਰ ਸਮਾਂਤਰ ਚਤੁਰਭੁਜ ਦੇ ਦੋਨੋ ਵਿਕਰਣ ਬਰਾਬਰ ਹੋ ਜਾਣ ਤਾਂ ਉਹ ਆਇਤ ਬਣ ਜਾਂਦੀ ਹੈ। | ਨੌਵੀਂ | ਚਤੁਰਭੁਜ |
| 19 | ਮਾਡਲ ਦੀ ਸਹਾਇਤਾ ਨਾਲ ਬੀਜਗਣਿਤਕ ਤਤਸਮਕ $(a+b)^3=a^3+b^3+3a^2b+3ab^2$ ਨੂੰ ਸਮਝਣਾ । | ਨੌਵੀਂ | **ਬਹੁਪਦ** |
| 20 | ਸੰਭਾਵਨਾ ਚੱਕਰ ਨੂੰ ਘੁਮਾਓ | ਦਸਵੀਂ | ਸੰਭਾਵਨਾ |
| 21 | ਮੂਲ ਸਮਾਨ ਅਨੁਪਾਤਤਾ ਸਿੱਧ ਕਰਨਾ | ਦੱਸਵੀਂ | ਤ੍ਰਿਭੁਜ |
| 22 | ਨਿਵਾਨ ਕੋਣ ਦੀ ਪਹਿਚਾਣ | ਦੱਸਵੀਂ | ਤ੍ਰਿਕੋਣ ਮਿਤੀ ਦੇ ਕੁਝ ਉਪਯੋਗ |
| 23 | ਪਾਇਥਾਗੋਰਸ ਥਿਊਰਮ ਦਾ ਵਰਕਿੰਗ ਮਾਡਲ ਤਿਆਰ ਕਰਨਾ | ਦੱਸਵੀਂ | ਤ੍ਰਿਕੋਣ ਮਿਤੀ ਦੇ ਕੁਝ ਉਪਯੋਗ |
| 24 | ਲੁਡੋ ਦੀ ਗੀਟੀ ਜਾਂ ਪਾਸੇ ਨਾਲ ਸੰਭਾਵਨਾ ਪਤਾ ਕਰਨਾ | ਦਸਵੀਂ | ਸੰਭਾਵਨਾ |
| 25 | ਅੰਕਗਣਿਤਕ ਲੜੀ ਦੀ ਪਹਿਚਾਣ ਕਰਨਾ ਅਤੇ ਉਸ ਸਬੰਧੀ ਜਾਣਕਾਰੀ ਲੈਣਾ | ਦਸਵੀਂ | ਅੰਕਗਣਿਤਕ ਲੜੀਆਂ |

| | | | |
|---|---|---|---|
| 26 | ਅੰਕਗਣਿਤਕ ਲੜੀ ਦਾ ਅਵਾਂ ਪਦ ਪਤਾ ਕਰਨ ਦਾ ਸੂਤਰ ਸਥਾਪਿਤ ਕਰਨਾ | ਦਸਵੀਂ | ਅੰਕਗਣਿਤਕ ਲੜੀਆਂ |
| 27 | ਉਚਾਈਆਂ ਅਤੇ ਦੂਰੀਆਂ ਸਬੰਧੀ ਇੱਕ ਦਿਲਚਸਪ ਵਿਧੀ | ਦਸਵੀਂ | ਤਿਕੋਣਮਿਤੀ ਦੇ ਉਪਯੋਗ |
| 28 | ਕੁਝ ਵਿਸ਼ੇਸ਼ ਕੋਣਾ ਤੇ ਤ੍ਰਿਕੋਣਮਿਤੀ ਅਤੇ ਅਨੁਪਾਤਾਂ ਬਾਰੇ | ਦਸਵੀਂ | ਤ੍ਰਿਕੋਣਮਿਤੀ |
| 29 | ਖੇਡ ਖੇਡ ਵਿੱਚ ਹੱਥ ਦੀਆਂ ਉਂਗਲਾਂ ਦੀ ਵਰਤੋਂ ਕਰਕੇ ਤ੍ਰਿਕੋਣਮਿਤੀ ਅਨੁਪਾਤਾਂ ਦਾ ਮੁੱਲ ਪਤਾ ਕਰਨ ਬਾਰੇ | ਦੱਸਵੀਂ | ਤ੍ਰਿਕੋਣ ਮਿਤੀ ਬਾਰੇ ਜਾਣ ਪਹਿਚਾਣ |
| 30 | ਦੋ ਘਾਤੀ ਸਮੀਕਰਣਾਂ ਦੇ ਗੁਣਨਖੰਡ ਬਾਰੇ | ਦੱਸਵੀਂ | ਦੋ ਘਾਤੀ ਸਮੀਕਰਣ |
| 31 | ਚਿੱਤਰਾਂ ਦੀ ਸਮਰੂਪਤਾ ਸਮਝਣ ਲਈ ਕਿਰਿਆ | ਦੱਸਵੀਂ | ਤ੍ਰਿਭੁਜ |
| 32 | ਬਿੰਦੂਆਂ (ਨਿਰਦੇਸ਼ ਅੰਕਾਂ) ਦੀ ਖੇਡ | ਦੱਸਵੀਂ | ਨਿਰਦੇਸ਼ ਅੰਕ |
| 33 | ਬਾਹਰੀ ਬਿੰਦ ਤੋਂ ਚੱਕਰ ਤੇ ਖਿੱਚੀਆਂ ਸਪਰਸ਼ ਰੇਖਾਵਾਂ ਦੀ ਲੰਬਾਈਆਂ ਬਰਾਬਰ ਹੁੰਦੀਆਂ ਹਨ | ਦੱਸਵੀਂ | ਚੱਕਰ |
| 34 | ਚੱਕਰ ਦੀ ਚਾਪ ਦੁਆਰਾ ਕੇਂਦਰ ਅਤੇ ਘੇਰੇ ਤੇ ਬਣੇ ਕੋਣਾਂ ਦਾ ਸਬੰਧ। | ਦਸਵੀਂ | ਚੱਕਰ |
| 35 | ਸਮਰੂਪ ਤ੍ਰਿਭੁਜਾਂ ਦੀ ਰਚਨਾ ਕਰਨਾ। | ਦਸਵੀਂ | ਤ੍ਰਿਭੁਜ |
| 36 | ਕੁੱਝ ਵਿਸ਼ੇਸ਼ ਕੋਣਾਂ ਦੇ ਤਿਕੋਣਮਿਤੀ ਅਨੁਪਾਤ ਪਤਾ ਕਰਨਾ। | ਦਸਵੀਂ | ਤ੍ਰਿਕੋਣ ਮਿਤੀ |
| **37** | ਬਿਲਡਿੰਗ ਤੇ ਲੱਗੇ ਝੰਡੇ ਦੀ ਲੰਬਾਈ ਪਤਾ ਕਰਨਾ। | ਦਸਵੀਂ | ਤ੍ਰਿਕੋਣ ਮਿਤੀ ਦੇ ਕੁਝ ਉਪਯੋਗ |
| **38** | ਕਿਰਿਆ: ਗੋਲੇ ਦਾ ਆਇਤਨ ਪਤਾ ਕਰਨਾ। | ਦਸਵੀਂ | ਸਤਹ ਦਾ ਖੇਤਰਫਲ ਅਤੇ ਆਇਤਨ |
| **39** | ਕਿਰਿਆ: ਚੱਕਰ ਦੇ ਅਰਧਿਵਆਸੀ ਖੰਡ ਦਾ ਖੇਤਰਫਲ ਅਤੇ ਚਾਪ ਦੀ ਲੰਬਾਈ ਪਤਾ ਕਰਨਾ । | ਦਸਵੀਂ | ਚੱਕਰ ਨਾਲ ਸਬੰਧਤ ਖੇਤਰਫਲ |
| **40** | ਸੈਕਸ਼ਨ ਫਾਰਮੂਲੇ ਦੀ ਵਰਤੋਂ ਕਰਕੇ ਬਿੰਦੂ ਪਤਾ ਕਰਨਾ ਅਤੇ ਉਸਦੀ ਪੜਤਾਲ ਕਰਨਾ। | ਦਸਵੀਂ | ਨਿਰਦੇਸ਼ ਅੰਕ ਜਿਆਮਤੀ |

**ਉਪਰੋਕਤ ਗਤੀਵਿਧੀਆਂ ਤੋਂ ਇਲਾਵਾ ਗਣਿਤ ਅਧਿਆਪਕ ਹੇਠ ਲਿਖੇ ਕਿਸੇ sub theme ਤੇ ਵੀ ਮਾਡਲ ਤਿਆਰ ਕਰਵਾ ਸਕਦੇ ਹਨ :**

**i. Recreational Mathematics**
**ii. Mathematical Modeling**
**iii. Math Games and Puzzles**
**iv. Integrating Math with IT**
**v. Real Life Application of Math**

## English Fair - Some Suggestive Activities

1. Role Play
2. Story telling with props
3. A few introductory lines on famous writers and poets
4. Charts, Models/Working Model - Grammar, Poetry, Prose, Story, Notice, Paragraph, Application etc.
5. Writing Corner (Display the English subject Note books of Students with good handwriting)
6. Developing stories from given things or characters
7. See the picture and tell the English name
8. Flash Cards
9. Tongue twisters
10. Dumb charades
11. Pass the Parcel
12. Time telling
13. Simon Says
14. Riddles
15. Spin and Speak
16. Poetry recitation
17. Idioms
18. Mind Maps
19. Word Antakshari
20. Author/ Poet Wall (ਚਾਰਟ ਪੇਪਰ ਨੂੰ ਜੋੜ ਕੇ ਇੱਕ ਕੰਧ ਤਿਆਰ ਕਰ ਲਈ ਜਾਵੇ। ਸਿਲੇਬਸ ਦੇ ਵਿੱਚ ਦਿੱਤੇ ਲਿਖਾਰੀ ਅਤੇ ਕਵੀਆਂ ਬਾਰੇ ਉਸ ਕੰਧ ਤੇ ਲਿਖਿਆ ਜਾਵੇ। ਉਹਨਾਂ ਦੀਆਂ pictures ਵੀ ਲਗਾਈਆਂ ਜਾਣ)

## SST Fair-Some Suggestive Activities

ਵਿਦਿਆਰਥੀਆਂ ਦੀ ਸਹਾਇਤਾ ਲਈ ਸਮਾਜਿਕ ਵਿਗਿਆਨ ਵਿਸ਼ੇ ਨਾਲ ਸਬੰਧਤ ਟਾਪਿਕਸ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:

1. ਰਾਜ/ਰਾਜਧਾਨੀਆਂ
2. ਸਾਰੇ ਮਹਾਂਦੀਪ- ਸਭ ਤੋਂ ਵੱਡਾ, ਸਭ ਤੋਂ ਛੋਟਾ ਮਹਾਂਦੀਪ
3. ਸਭ ਤੋਂ ਵੱਧ ਅਬਾਦੀ ਵਾਲਾ ਦੇਸ਼/ਰਾਜ, ਸਭ ਤੋਂ ਘੱਟ ਅਬਾਦੀ ਵਾਲਾ ਦੇਸ਼/ਰਾਜ
4. ਸਭ ਤੋਂ ਵੱਧ ਸਾਖਰਤਾ ਵਾਲਾ ਰਾਜ, ਸਭ ਤੋਂ ਘੱਟ ਸਾਖ਼ਰਤਾਵਾਲਾਰਾਜ
5. ਪੰਜਾਬ ਦੀਆਂ ਤਹਿਸੀਲ੍ਹਾਂ ਦੇ ਨਾਮ
6. ਭਾਰਤ ਵਿੱਚ ਲੋਕ ਸਭਾ ਦੀਆਂ ਸੀਟਾਂ ਦੀ State wise ਕੁੱਲ ਗਿਣਤੀ
7. ਭਾਰਤ ਵਿੱਚ ਰਾਜ ਸਭਾ ਦੀਆਂ ਸੀਟਾਂ ਦੀ ਕੁੱਲ ਗਿਣਤੀ
8. ਪੰਜਾਬ ਵਿੱਚ ਵਿਧਾਨ ਸਭਾ ਦੀਆਂ ਸੀਟਾਂ ਦੀ ਕੁੱਲ ਗਿਣਤੀ
9. ਪੰਜਾਬ ਵਿੱਚ ਵਿਧਾਨ ਸਭਾ ਹਲਕਿਆਂ ਦੇ ਨਾਮ ਅਤੇ ਉਨ੍ਹਾਂ ਦੀਆਂ ਸੀਟਾਂ ਦੀ ਗਿਣਤੀ।
10. ਟਾਇਮਲਾਈਨ
11. ਆਦਿ ਮਾਨਵ ਤੋਂ ਲੈ ਕੇ ਹੁਣ ਤੱਕ ਦੀਆਂ ਸਭਿਅਤਾਵਾਂ ਦੇ ਸਫ਼ਰ ਦੀਆਂ ਵੀਡੀਓ, ਆਪਣੀ ਆਵਾਜ਼ਦੇ ਕੇ ਸਮਝਾਓ (ਪਹਿਰਾਵਾ, ਬਰਤਨ, ਕਰੰਸੀ, ਕਿੱਤੇ ਦਾ ਤੁਲਨਾਤਮਕ ਵਿਸ਼ਲੇਸ਼ਣ ਵੀਡੀਉ ਲਈ ਫੋਟੋਆਂ ਲੈ ਕੇ ਆਪਣੀ ਆਵਾਜ਼ ਦੇ ਕੇ ਸਮਝਾਓ ਅਤੇ ਪ੍ਰੋਜੈਕਟਰ ਚਲਾ ਕੇ ਦਿਖਾਉ।
12. ਵੱਖ-ਵੱਖ ਗੁਰੂ ਸਾਹਿਬਾਨ ਸਮੇਂ ਕਿਹੜਾ ਮੁਗਲ ਬਾਦਸ਼ਾਹ- ਵਿਸਥਾਰ ਵਿੱਚ ਸਮਝਾਓ
13. ਨਕਸ਼ਾ ਭਰਨ ਮੁਕਾਬਲਾ
14. ਨਕਸ਼ਿਆਂ ਦੇ ਜਲਦੀ ਤੋਂ ਜਲਦੀ ਸਟੈਂਸਿਲ ਬਣਾਉਣੇ
15. ਗਲੋਬ ਦੀ ਵਰਤੋਂ/ ਗਤੀਵਿਧੀਆਂ
16. ਗ੍ਰਹਿਆਂ ਬਾਰੇ ਰੋਲ ਪਲੇਅ/ਹੋਰ ਰੋਲ ਪਲੇਅ
17. ਅਰਥ-ਸ਼ਾਸਤਰ ਨਾਲ ਸਬੰਧਿਤ ਗਤੀਵਿਧੀਆਂ/ਰੋਲ ਪਲੇਅ
18. ਵਧੀਆ ਗਰਾਫ਼/ਚਾਰਟ ਬਣਾਉਣੇ ਅਤੇ ਪੜ੍ਹਨੇ ਆਉਣੇ
19. ਕੁਝ ਮਾਡਲ ਹੋ ਸਕਦੇ ਨੇ- **Best out of waste** ਤੋਂ ਬਣੇ ਹੋਏ ਮੋਮਬੱਤੀਆਂ ਬਨਾਉਣਾ/ ਮੋਮ ਦੇ ਦੀਵੇ/ ਫੁੱਲ ਵਗੈਰਾ ਬਣਾਉਣਾ।
20. ਕੁਲੈਕਸ਼ਨ ਕਰਨਾ ਜਿਵੇਂ ਬੀਜ, ਮਿੱਟੀ, ਖਣਿਜ ਪਦਾਰਥ
21. ਸਮਾਜਿਕ ਸਿੱਖਿਆ ਨੂੰ ਨਵੀਆਂ ਤਕਨੀਕਾਂ ਨਾਲ ਪੜ੍ਹਾਉਣਾ
22. Explore the world with modern technology.

ਅਧਿਆਪਕ ਵੀ ਰੋਲ ਪਲੇਅ ਕਰ ਸਕਦੇ ਹਨ।

# Science Fair Activities

1. ਇਸ Fair ਵਿੱਚ 9ਵੀਂ ਤੋਂ 10ਵੀਂ ਜਮਾਤ ਤੱਕ ਦੀਆਂ ਕਿਤਾਬ ਵਿੱਚ ਨਵੰਬਰ ਮਹੀਨੇ ਤੱਕ ਦਰਜ ਕਿਰਿਆਵਾਂ ਦੀ ਪ੍ਰਦਰਸ਼ਨੀ ਵਿਦਿਆਰਥੀਆਂ ਵੱਲੋਂ ਲਗਾਈ ਜਾਣੀ ਹੈ। ਹਰ ਸਕੂਲ ਵਿੱਚ ਇਹ Activity Fair ਲਾਜ਼ਮੀ ਤੌਰ ਤੇ ਲਗਾਇਆ ਜਾਣਾ ਹੈ ਅਤੇ ਇਸ Activity Fair ਵਿੱਚ 9ਵੀਂ ਜਮਾਤ ਤੋਂ 10ਵੀਂ ਜਮਾਤ ਤੱਕ ਦੇ ਹਰੇਕ ਵਿਦਿਆਰਥੀ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ।
2. ਉਕਤ ਕਿਰਿਆਵਾਂ ਤੋਂ ਇਲਾਵਾ ਵਿਦਿਆਰਥੀ Science and Technology for Society ਥੀਮ ਅਧੀਨ ਹੇਠ ਲਿਖੇ ਸਬ-ਥੀਮਾਂ ਤੇ ਮਾਡਲ ਤਿਆਰ ਕਰ ਸਕਦੇ ਹਨ:

   i. Health
   ii. LiFE (Lifestyle for Environment)
   iii. Agriculture
   iv. Communication and Transport
   v. Computational Thinking

3. ਇਸ Activity Fair ਦੌਰਾਨ ਅਧਿਆਪਕ ਵੱਲੋਂ Activity Fair ਵਿੱਚ 9ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ, ਉਨ੍ਹਾਂ ਦੀ Practical Assessment ਵੀ ਕੀਤੀ ਜਾਵੇਗੀ।

   Practical Assessment ਦੇ ਅੰਕਾਂ ਦੀ ਵੰਡ ਕਿ ਹੇਠ ਲਿਖੇ ਅਨੁਸਾਰ ਹੈ:

   1. Apparatus setting - 03 marks
   2. Presentation skill - 10 marks
      - Viva (By Teacher/DM/BM)- 05 marks
      - Activity Notebook - 02 marks
4. 10ਵੀਂ ਜਮਾਤ ਦੇ ਵਿਦਿਆਰਥੀਆਂ ਦੀ ਕਾਰੁਜਗਾਰੀ ਉਹਨਾਂ ਦੇ ਸਲਾਨਾ ਮੁਲਾਂਕਣ ਲਈ ਨੋਟ ਕੀਤੀ ਜਾਵੇ ਅਤੇ ਇਸਦਾ ਰਿਕਾਰਡ ਵੀ ਮੈਨਟੇਨ ਕੀਤਾ ਜਾਵੇ।
5. ਵਿਗਿਆਨ Activity Fair ਦੌਰਾਨ ਗਤੀਵਿਧੀ ਪ੍ਰਦਰਸਿਤ ਕਰ ਰਹੇ ਵਿਦਿਆਰਥੀ visitors ਨੂੰ ਆਪਣੀ ਗਤੀਵਿਧੀ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਉਣਗੇ। ਇਸ ਸੰਬੰਧੀ ਅਧਿਆਪਕ ਦੁਆਰਾ ਵਿਦਿਆਰਥੀਆਂ ਦੀ ਪੂਰੀ ਤਿਆਰੀ ਕਰਵਾਈ ਜਾਵੇ।
6. Activity ਪ੍ਰਦਰਸ਼ਿਤ ਕਰ ਰਹੇ ਹਰੇਕ ਵਿਦਿਆਰਥੀ ਅਤੇ ਸਕੂਲ ਦੀ ਹੋਰ ਜਮਾਤਾਂ ਦੇ ਵਿਦਿਆਰਥੀਆਂ ਦੀ ਹਰੇਕ ਗਤੀਵਿਧੀ ਦੀ ਵਿਜ਼ਿਟ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋ ਸਕੇ।
7. Activity Fair ਦੌਰਾਨ Heat ਵਾਲੀਆਂ ਕਿਰਿਆਵਾਂ ਕਰਵਾਉਂਦੇ ਸਮੇਂ Double bench ਦੀ ਵਰਤੋਂ ਕੀਤੀ ਜਾਵੇ ਤਾਂ ਜੋ ਵਿਦਿਆਰਥੀ ਅਤੇ ਜਲਣਸ਼ੀਲ ਪਦਾਰਥ ਵਿੱਚ ਉਚਿਤ ਦੂਰੀ ਬਣੀ ਰਹੇ।
8. Activity Fair ਸਮੇਂ ਜਲਣਸ਼ੀਲ ਪਦਾਰਥ ਨੇੜੇ ਪਾਣੀ ਦੀ ਅਤੇ ਰੇਤ ਦੀ ਭਰੀ ਬਾਲਟੀ ਦਾ ਪ੍ਰਬੰਧ ਹੋਵੇ ਅਤੇ ਉੱਥੇ ਕਿਸੇ ਹੋਰ ਵਿਸ਼ੇ ਨਾਲ ਸਬੰਧਤ ਇੱਕ ਜਾਂ ਦੋ ਅਧਿਆਪਕਾਂ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਉਹ ਮੁਕੰਮਲ ਨਿਗਰਾਨੀ ਰੱਖ ਸਕਣ ਅਤੇ ਡਿਊਟੀ ਦਾ ਇੰਦਰਾਜ ਆਰਡਰ ਬੁੱਕ ਵਿੱਚ ਕੀਤਾ ਜਾਵੇ।
9. ਵਿਗਿਆਨ ਦੇ ਪ੍ਰਸਾਰ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀ ਸਮੂਹ ਸਕੂਲ ਸਟਾਫ਼ ਦੀ Science Activity Fair ਵਿੱਚ ਸ਼ਮੂਲੀਅਤ ਸੁਨਿਸਚਿਤ ਕਰਨ।
10. ਸਕੂਲ ਮੁਖੀ ਆਪਣੇ ਕੰਪਲੈਕਸ ਮਿਡਲ ਸਕੂਲਾਂ ਵਿੱਚ Science Activity Fair ਦੀ Monitoring ਕਰਨਗੇ ਅਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਨਗੇ।